# Visit of Prime Minister of Nepal, H.E. Mr. Sher Bahadur Deuba to India (April 01-03, 2022)

April 02, 2022

............................

# ਨੇਪਾਲੀ ਪ੍ਰਧਾਨ ਮੰਤਰੀ ਮਹਾਮਹਿਮ ਸ਼੍ਰੀ ਸ਼ੇਰ ਬਹਾਦੁਰ ਦੇਉਬਾ ਵੱਲੋਂ ਭਾਰਤ ਦੀ ਫੇਰੀ (1-3 ਅਪ੍ਰੈਲ, 2022)

**2 ਅਪ੍ਰੈਲ, 2022**

1. ਭਾਰਤ ਦੇ ਮਾਨਯੋਗ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੇ ਸੱਦੇ 'ਤੇ ਨੇਪਾਲੀ ਪ੍ਰਧਾਨ ਮੰਤਰੀ ਮਾਨਯੋਗ ਸ਼੍ਰੀ ਸ਼ੇਰ ਬਹਾਦੁਰ ਦੇਉਬਾ ਆਪਣੀ ਜੀਵਨ ਸਾਥੀ ਡਾ. ਆਰਜ਼ੂ ਰਾਣਾ ਦੇਉਬਾ ਨਾਲ 1-3 ਅਪ੍ਰੈਲ, 2022 ਤੱਕ ਭਾਰਤ ਦੇ ਅਧਿਕਾਰਤ ਦੌਰੇ 'ਤੇ ਹਨ।

2. ਪ੍ਰਧਾਨ ਮੰਤਰੀ ਦੇ ਤੌਰ 'ਤੇ ਪ੍ਰਧਾਨ ਮੰਤਰੀ ਦੇਉਬਾ ਵੱਲੋਂ ਇਹ ਭਰਤੇ ਦੀ ਪੰਜਵੀਂ ਯਾਤਰਾ ਹੈ ਅਤੇ ਜੁਲਾਈ, 2021 ਵਿੱਚ ਉਨ੍ਹਾਂ ਪਾਸੋਂ ਪ੍ਰਧਾਨ ਮੰਤਰੀ ਵਜੋਂ ਅਹੁਦਾ ਸੰਭਾਲਣ ਤੋਂ ਬਾਅਦ ਇਹ ਪਹਿਲੀ ਦੁਵੱਲੀ ਯਾਤਰਾ ਹੈ। ਵਿਦੇਸ਼ ਮੰਤਰੀ ਨਰਾਇਣ ਖੜਕਾ, ਊਰਜਾ ਅਤੇ ਜਲ ਸਰੋਤ ਮੰਤਰੀ ਸ਼੍ਰੀਮਤੀ ਪੰਮਾ ਭੁਸਾਲ, ਸਿਹਤ ਅਤੇ ਆਬਾਦੀ ਮੰਤਰੀ ਭੀਰੋਧ ਖਾਤੀਵਾੜਾ ਅਤੇ ਖੇਤੀਬਾੜੀ ਅਤੇ ਪਸ਼ੂਧਨ ਵਿਕਾਸ ਮੰਤਰੀ ਮਹਿੰਦਰਾ ਰਾਏ ਯਾਦਵ ਇਸ ਦੌਰੇ ਦੌਰਾਨ ਪ੍ਰਧਾਨ ਮੰਤਰੀ ਨਾਲ ਆਉਣ ਵਾਲੇ ਵਫਦ ਦਾ ਹਿੱਸਾ ਹਨ।

3. ਦੋਵਾਂ ਪ੍ਰਧਾਨ ਮੰਤਰੀਆਂ ਨੇ 2 ਅਪ੍ਰੈਲ 2022 ਨੂੰ ਦੁਵੱਲੀ ਗੱਲਬਾਤ ਕੀਤੀ। ਉਨ੍ਹਾਂ ਨੇ ਰਾਜਨੀਤਿਕ, ਆਰਥਿਕ, ਵਪਾਰ, ਊਰਜਾ, ਸੁਰੱਖਿਆ ਅਤੇ ਵਿਕਾਸ ਸੰਬੰਧੀ ਮੁੱਦਿਆਂ ਤੇ ਕੇਂਦਰਿਤ ਸਮੁੱਚੇ ਦੁਵੱਲੇ ਏਜੰਡੇ ਦੀ ਸਮੀਖਿਆ ਕੀਤੀ। ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ ਅਤੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਸ਼੍ਰੀ ਅਜੀਤ ਡੋਭਾਲ ਨੇ ਨਵੀਂ ਦਿੱਲੀ ਵਿੱਚ ਪ੍ਰਧਾਨ ਮੰਤਰੀ ਦੇਉਬਾ ਦੇ ਠਹਿਰਨ ਦੌਰਾਨ ਉਨ੍ਹਾਂ ਨਾਲ ਮੁਲਾਕਾਤ ਕੀਤੀ।

4. ਦੋਵਾਂ ਪ੍ਰਧਾਨ ਮੰਤਰੀਆਂ ਨੇ ਊਰਜਾ ਖੇਤਰ ਵਿੱਚ ਆਪਸੀ ਤੌਰ 'ਤੇ ਲਾਹੇਵੰਦ ਸਹਿਯੋਗ ਦੇ ਅਦੁੱਤੇ ਮੌਕਿਆਂ ਬਾਰੇ ਚਰਚਾ ਕੀਤੀ। ਇਸ ਸਬੰਧ ਵਿੱਚ ਬਿਜਲੀ ਖੇਤਰ ਵਿੱਚ ਸਹਿਯੋਗ ਬਾਰੇ ਇੱਕ ਸਾਂਝਾ ਨਜ਼ਰੀਆ ਬਿਆਨ, ਜੋ ਸਾਂਝੀ ਵਚਨਬੱਧਤਾ ਦੇ ਨਾਲ-ਨਾਲ ਬਿਜਲੀ ਉਤਪਾਦਨ, ਟਰਾਂਸਮਿਸ਼ਨ ਅਤੇ ਵਪਾਰ ਵਿੱਚ ਦੋਹਾਂ ਲਈ ਲਾਹੇਵੰਦ ਸਹਿਯੋਗ ਦੇ ਮੌਕਿਆਂ ਦਾ ਪ੍ਰਟੈੱਕ ਹੈ, ਤੇ ਹਸਤਾਖਰ ਹੋਏ. ਦੋਵਾਂ ਪ੍ਰਧਾਨ ਮੰਤਰੀਆਂ ਨੇ ਸਾਂਝੇ ਤੌਰ 'ਤੇ ਭਾਰਤ ਦੁਆਰਾ ਦਿੱਤੀ ਗਈ ਕ੍ਰੈਡਿਟ ਲਾਈਨ ਦੇ ਤਹਿਤ ਬਣੀ 90 ਕਿਲੋਮੀਟਰ ਲੰਬੀ 132 ਕੇਵੀਡੀਸੀ ਸੋਲੂ ਕੋਰੀਡੋਰ ਟ੍ਰਾਂਸਮਿਸ਼ਨ ਲਾਈਨ ਅਤੇ ਸਬਸਟੇਸ਼ਨ ਦਾ ਉਦਘਾਟਨ ਕੀਤਾ। ਦੋਵੇਂ ਧਿਰਾਂ ਨੇ ਵਿਸਥਾਰਤ ਪ੍ਰੋਜੈਕਟ ਰਿਪੋਰਟ (ਡੀਪੀਆਰ) ਨੂੰ ਛੇਤੀ ਹੀ ਅੰਤਮ ਰੂਪ ਦੇਣ ਅਤੇ ਪੰਚੇਸ਼ਵਰ ਬਹੁ-ਮੰਤਵੀ ਪ੍ਰੋਜੈਕਟ ਨੂੰ ਲਾਗੂ ਕਰਨ ਦੀ ਰਫਤਾਰ ਤੇਜ਼ ਕਰਨ ਉੱਤੇ ਸਹਿਮਤੀ ਦਿੱਤੀ।

5. ਨੇਪਾਲੀ ਪ੍ਰਧਾਨ ਮੰਤਰੀ ਨੇ ਨੇਪਾਲ ਇਲੈਕਟ੍ਰੀਸਿਟੀ ਅਥਾਰਟੀ ਨੂੰ ਭਾਰਤ ਵੱਲੋਂ ਕਾਫ਼ੀ ਮਾਤਰਾ ਵਿੱਚ ਬਿਜਲੀ ਨਿਰਯਾਤ ਲਈ ਦਿੱਤੇ ਗਈ ਤਾਜ਼ਾ ਮਨਜ਼ੂਰੀਆਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਨੇਪਾਲੀ ਪਣ-ਬਿਜਲੀ ਵਿਕਾਸ ਪ੍ਰੋਜੈਕਟਾਂ ਵਿੱਚ ਭਾਰਤੀ ਕੰਪਨੀਆਂ ਨੂੰ ਵੱਧ ਤੋਂ ਵੱਧ ਭਾਗੀਦਾਰੀ ਲੈਣ ਦਾ ਸੱਦਾ ਦਿੱਤਾ। ਨੇਪਾਲ ਵਿੱਚ 900 ਮੈਗਾਵਾਟ ਅਰੁਣ-III ਪਣ-ਬਿਜਲੀ ਪ੍ਰੋਜੈਕਟ ਵਿੱਚ ਹੋਈ ਤਰਕੀ ਦੀ ਗੱਲ ਵੀ ਕਹੀ ਗਈ।

6. ਪ੍ਰਧਾਨ ਮੰਤਰੀ ਮੋਦੀ ਨੇ 1 ਅਪ੍ਰੈਲ, 2022 ਨੂੰ ਨੇਪਾਲ ਦੇ ਆਲਮੀ ਸੂਰਜੀ ਗਠਜੋੜ (ISA) ਵਿੱਚ ਸ਼ਾਮਲ ਹੋਣ ਦੇ ਫੈਸਲੇ ਦਾ ਸੁਆਗਤ ਕੀਤਾ, ਜੋ ISA ਦੇ ਫਰੇਮਵਰਕ ਸਮਝੌਤੇ 'ਤੇ ਹਸਤਾਖਰ ਕਰਨ ਵਾਲਾ 105ਵਾਂ ਦੇਸ਼ ਬਣ ਗਿਆ ਹੈ।

7. ਦੋਵਾਂ ਪ੍ਰਧਾਨ ਮੰਤਰੀਆਂ ਨੇ ਆਰਥਿਕ ਅਤੇ ਵਪਾਰਕ ਏਜੰਡੇ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਅਤੇ ਵਪਾਰ, ਨਿਵੇਸ਼ ਅਤੇ ਸੰਪਰਕ ਸਬੰਧਾਂ ਨੂੰ ਹੋਰ ਡੂੰਘਾ ਅਤੇ ਸੁਖਾਲ਼ ਕਰਨ ਲਈ ਕਾਰਵਾਈ ਤੇਜ਼ ਕਰਨ ਦਾ ਫੈਸਲਾ ਕੀਤਾ। ਦੋਵਾਂ ਪ੍ਰਧਾਨ ਮੰਤਰੀਆਂ ਨੇ ਭਾਰਤ ਤੋਂ ਨੇਪਾਲ ਨੂੰ ਖਾਦਾਂ ਦੀ ਲੰਮੀ ਮਿਆਦ ਦੀ ਸਪਲਾਈ ਅਤੇ ਭਾਰਤ ਤੋਂ ਨੇਪਾਲ ਨੂੰ ਪੈਟਰੋਲੀਅਮ ਉਤਪਾਦਾਂ ਦੀ ਸਪਲਾਈ ਲਈ ਪੰਜ ਸਾਲਾ ਜਨਰਲ ਸਪਲਾਈ ਸਮਝੌਤੇ ਨੂੰ ਮੁੜ ਨਵਿਆਉਣ ਲਈ ਹੋਏ ਤਾਜ਼ਾ G-2-G ਸਮਝੌਤੇ ਦਾ ਸੁਆਗਤ ਕੀਤਾ।

8. ਦੋਹਾਂ ਨੇਤਾਵਾਂ ਨੇ ਵਿਆਪਕ ਅਤੇ ਮਜ਼ਬੂਤ ਦੁਵੱਲੀ ਵਿਕਾਸ ਸਾਂਝੇਦਾਰੀ 'ਤੇ ਚਰਚਾ ਕੀਤੀ। ਉਨ੍ਹਾਂ ਨੇ ਨੇਪਾਲ ਵਿੱਚ ਭਾਰਤੀ ਪ੍ਰੋਜੈਕਟਾਂ ਨੂੰ ਲਾਗੂ ਕਰਨ ਵਿੱਚ ਹੋਈ ਤਰੱਕੀ ਦੀ ਸਮੀਖਿਆ ਕੀਤੀ, ਜਿਸ ਵਿੱਚ (a) ਜੈਨਗਰ-ਕੁਰਥਾ-ਬਿਜਲਪੁਰ-ਬਰਦੀਬਾਸ (b) ਜੋਗਬਨੀ-ਬਿਰਾਟਨਗਰ (c) ਰਕਸੌਲ-ਕਾਠਮੰਡੂ ਨੂੰ ਜੋੜਨ ਵਾਲੇ ਸਰਹੱਦ ਪਾਰ ਰੇਲ-ਲਿੰਕ ਪ੍ਰੋਜੈਕਟ ਸ਼ਾਮਲ ਹਨ। ਇੱਕ ਇਤਿਹਾਸਕ ਮੀਲ ਪੱਥਰ ਦੇ ਰੂਪ ਵਿੱਚ ਜੈਨਗਰ-ਕੁਰਥਾ ਸੈਕਸ਼ਨ 'ਤੇ ਭਾਰਤ ਅਤੇ ਨੇਪਾਲ ਨੂੰ

ਜੋੜਨ ਵਾਲੀ ਪਹਿਲੀ ਬਰਾਡ-ਗੇਜ ਯਾਤਰੀ ਰੇਲ ਸੇਵਾ ਨੂੰ ਦੋਨਾਂ ਪ੍ਰਧਾਨ ਮੰਤਰੀਆਂ ਨੇ ਇਸ ਦੌਰੇ ਦੌਰਾਨ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਜੈਨਗਰ-ਕੁਰਥਾ ਰੇਲ ਲਿੰਕ ਭਾਰਤ ਸਰਕਾਰ ਦੀ ਗ੍ਰਾਂਟ ਸਹਾਇਤਾ ਨਾਲ ਬਣਾਇਆ ਗਿਆ ਹੈ।

9. ਪ੍ਰਧਾਨ ਮੰਤਰੀ ਮੋਦੀ ਨੇ ਅੜਚਣਾਂ ਨੂੰ ਸੁਲਝਾਉਣ ਵਿੱਚ ਨੇਪਾਲ ਸਰਕਾਰ ਵੱਲੋਂ ਪੂਰੀ ਹਿਮਾਇਤ ਦਾ ਭਰੋਸਾ ਦੇਣ ਅਤੇ ਕਾਵਰੇਪਾਲਚੋਕ ਵਿਖੇ ਰਾਸ਼ਟਰੀ ਪੁਲਿਸ ਅਕੈਡਮੀ, ਨੇਪਾਲਗੰਜ ਅਤੇ ਭੈਰਹਾਵਾ ਵਿਖੇ ਏਕੀਕ੍ਰਿਤ ਚੈਕ ਪੋਸਟਾਂ ਸਮੇਤ ਸਾਰੇ ਭਾਰਤ-ਸਹਾਇਤਾ ਵਾਲੇ ਪ੍ਰੋਜੈਕਟਾਂ ਅਤੇ ਰਾਮਾਇਣ ਸਰਕਟ ਦੇ ਅਧੀਨ ਪ੍ਰੋਜੈਕਟਾਂ ਨੂੰ ਸਮਾਂਬੱਧ ਤਰੀਕੇ ਨਾਲ ਪੂਰਾ ਕਰਨ ਨੂੰ ਸੁਖਾਲ਼ਾ ਬਣਾਉਣ ਲਈ ਪ੍ਰਧਾਨ ਮੰਤਰੀ ਦੇਉਬਾ ਦਾ ਧੰਨਵਾਦ ਕੀਤਾ। ਪ੍ਰਧਾਨ ਮੰਤਰੀ ਦੇਉਬਾ ਨਾਲ ਇਹ ਗੱਲ ਵੀ ਸਾਂਝਾ ਕੀਤੀ ਗਈ ਕਿ ਭਾਰਤ ਦੇ 'ਆਜ਼ਾਦੀ ਕਾ ਅੰਮ੍ਰਿਤ ਮਹੋਤਸਵ' ਸਮਾਰੋਹ ਦੇ ਤਹਿਤ ਭਾਰਤ ਇਸ ਸਾਲ ਨੇਪਾਲ ਵਿੱਚ 75 ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕਰੇਗਾ।

10. ਨੇਪਾਲ ਵਿੱਚ ਭਾਰਤੀ ਰੁਪੇ ਕਾਰਡ ਦੀ ਵਰਤੋਂ ਦੋਵਾਂ ਪ੍ਰਧਾਨ ਮੰਤਰੀਆਂ ਦੁਆਰਾ ਸਾਂਝੇ ਤੌਰ 'ਤੇ ਸ਼ੁਰੂ ਕੀਤੀ ਗਈ ਸੀ। ਇਸ ਨਾਲ ਵਿੱਤੀ ਕਨੈਕਟੀਵਿਟੀ ਦੇ ਮਾਮਲੇ 'ਚ ਸਹਿਯੋਗ ਦੇ ਨਵੇਂ ਦ੍ਰਿਸ਼ ਖੁੱਲਣਗੇ ਅਤੇ ਦੁਵੱਲੇ ਸੈਲਾਨੀਆਂ ਦੇ ਪ੍ਰਵਾਹ ਨੂੰ ਸੁਚਾਰੂ ਬਣਾਉਣ ਅਤੇ ਭਾਰਤ ਅਤੇ ਨੇਪਾਲ ਦਰਮਿਆਨ ਲੋਕ ਪੱਧਰੀ ਸੰਪਰਕ ਦੇ ਹੋਰ ਮਜ਼ਬੂਤ ਕਰਨ ਦੀ ਉਮੀਦ ਹੈ।

11. 3 ਅਪ੍ਰੈਲ 2022 ਨੂੰ ਪ੍ਰਧਾਨ ਮੰਤਰੀ ਦੇਉਬਾ ਵਾਰਾਣਸੀ ਦਾ ਦੌਰਾ ਕਰਨਗੇ, ਇੱਕ ਅਜਿਹਾ ਸ਼ਹਿਰ ਜੋ ਦੋਵਾਂ ਦੇਸ਼ਾਂ ਵਿਚਕਾਰ ਡੂੰਘੇ ਧਾਰਮਿਕ ਅਤੇ ਸੱਭਿਆਚਾਰਕ ਸਬੰਧਾਂ ਦਾ ਪ੍ਰਤੀਕ ਹੈ। ਵਾਰਾਣਸੀ ਵਿਖੇ ਉੱਤਰ ਪ੍ਰਦੇਸ਼ ਦੇ ਮਾਣਯੋਗ ਮੁੱਖ ਮੰਤਰੀ ਸ਼੍ਰੀ ਯੋਗੀ ਆਦਿਤਿਆਨਾਥ ਉਨ੍ਹਾਂ ਦਾ ਸਵਾਗਤ ਕਰਨਗੇ ਅਤੇ ਉਨ੍ਹਾਂ ਦੇ ਠਹਿਰਨ ਦੇ ਇਸ ਪੜਾਅ ਦੌਰਾਨ ਵੀ ਉਨ੍ਹਾਂ ਦੇ ਨਾਲ ਹੋਣਗੇ।

12. ਨੇਪਾਲ ਨਾਲ ਭਾਰਤ ਦਾ ਰਿਸ਼ਤਾ ਇਸਦੀ 'ਨੇਬਰਹੁੱਡ ਫਸਟ' ਨੀਤੀ ਦੇ ਮੁੱਖ ਥੰਮ੍ਹਾਂ ਵਿੱਚੋਂ ਇੱਕ ਹੈ। ਨੇਪਾਲੀ ਪ੍ਰਧਾਨ ਮੰਤਰੀ ਦੀ ਭਾਰਤ ਯਾਤਰਾ ਦੋਵਾਂ ਦੇਸ਼ਾਂ ਦਰਮਿਆਨ ਦੋਸਤੀ ਅਤੇ ਸਹਿਯੋਗ ਦੇ ਰਵਾਇਤੀ ਅਤੇ ਸਦੀਆਂ ਪੁਰਾਣੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਵਿੱਚ ਯੋਗਦਾਨ ਦੇਵੇਗੀ। ਦੋਵਾਂ ਪ੍ਰਧਾਨ ਮੰਤਰੀਆਂ ਵਿਚਕਾਰ ਹੋਈ ਵਿਸਥਾਰਤ ਅਤੇ ਲਾਹੇਵੰਦ ਗੱਲਬਾਤ ਨਾਲ ਉੱਚ ਪੱਧਰੀ ਦਿਸ਼ਾ ਮਿਲੀ ਅਤੇ ਕਈ ਖੇਤਰਾਂ, ਖਾਸ ਕਰਕੇ ਊਰਜਾ ਅਤੇ ਸੰਪਰਕ ਨਾਲ ਸਬੰਧਤ ਖੇਤਰਾਂ, ਵਿੱਚ ਦੁਵੱਲੇ ਸਹਿਯੋਗ ਲਈ ਏਜੰਡੇ ਨੂੰ ਮਜ਼ਬੂਤ ਰੂਪ ਮਿਲਿਆ।

13. ਇਸ ਫੇਰੀ ਦੇ ਨਤੀਜਿਆਂ ਦੀ ਸੂਚੀ ਇਸ 'ਤੇ ਪੜ੍ਹੀ ਜਾ ਸਕਦੀ ਹੈ: https://cutt.ly/QDCVK9w

ਨਵੀਂ ਦਿੱਲੀ

2 ਅਪ੍ਰੈਲ, 2022

DISCLAIMER: This is an approximate translation. The original is available in English on MEA's website and may be referred to as the official press release.